# 2023 ਫਾੱਲ ਆਰਥਿਕ ਸਟੇਟਮੈਂਟ: ਮੁੱਖ ਉਪਾਅ ਵੱਧ ਘਰ ਬਣਾਉਣ, ਮਿਡਲ ਕਲਾਸ ਨੂੰ ਸਪੋਰਟ ਕਰਨ, ਅਤੇ ਜੀਵਨ ਨੂੰ ਵੱਧ ਕਿਫਾਇਤੀ ਬਣਾਉਣ ਲਈ

*2023 ਦੇ ਫਾੱਲ ਆਰਥਿਕ ਸਟੇਟਮੈਂਟ ਵਿੱਚ ਦੱਸੇ ਗਏ ਮੁੱਖ ਉਪਾਅ ਵਿੱਚ ਸ਼ਾਮਲ ਹਨ*

## ਕੈਨੇਡਾ ਦੀ ਹਾਊਸਿੰਗ ਐਕਸ਼ਨ ਪਲੈਨ

- $4 ਬਿਲੀਅਨ ਹਾਊਸਿੰਗ ਐਕਸਲੇਟਰ ਫੰਡ, ਜੋ ਕਿ ਲਾਲ ਫੀਤਾਸ਼ਾਹੀ ਨੂੰ ਕੱਟਣ ਅਤੇ ਪੂਰੇ ਕੈਨੇਡਾ ਵਿੱਚ 100,000 ਤੋਂ ਵੱਧ ਨਵੇਂ ਘਰ ਤੇਜ਼ੀ ਨਾਲ ਬਣਾਉਣ ਵਿੱਚ ਮਦਦ ਕਰ ਰਿਹਾ ਹੈ;
- ਹੋਰ ਫੈਡਰਲ ਜ਼ਮੀਨਾਂ ਦੀ ਘਰ ਬਣਾਉਣ ਲਈ ਮੁੜ ਵਰਤੋਂ;
- ਨਵੇਂ ਕਿਰਾਏ ਲਈ ਘਰਾਂ ਤੋਂ GST ਹਟਾਉਣਾ, ਜਿਸ ਵਿੱਚ ਕੋਆਪਰੇਟਿੰਗ ਹਾਊਸਿੰਗ ਕਾਰਪੋਰੇਸ਼ਨਾਂ ਸ਼ਾਮਲ ਹਨ ਜੋ ਲੰਬੇ ਸਮੇਂ ਲਈ ਘਰ ਕਿਰਾਏ 'ਤੇ ਦਿੰਦੀਆਂ ਹਨ;
- ਕਿਰਾਏ ਵਾਲੇ ਘਰਾਂ ਲਈ ਘੱਟ-ਲਾਗਤ ਵਾਲੀ ਫਾਈਨੈਂਨਸਿੰਗ ਵਿੱਚ $20 ਬਿਲੀਅਨ ਨੂੰ ਲਿਆਉਣਾ; ਹਰ ਸਾਲ 30,000 ਹੋਰ ਘਰ ਬਣਾਉਣ ਲਈ
- 30,000 ਨਵੇਂ ਘਰ ਬਣਾਉਣ ਵਿੱਚ ਮਦਦ ਕਰਨ ਲਈ, ਅਪਾਰਟਮੈਂਟ ਕੰਸਟਰਕਸ਼ਨ ਲੋਨ ਪ੍ਰੋਗਰਾਮ ਦੁਆਰਾ ਕਰਜ਼ੇ ਲਈ $15 ਬਿਲੀਅਨ ਪ੍ਰਦਾਨ ਕਰਕੇ ਹੋਰ ਕਿਰਾਏ ਦੇ ਮਕਾਨਾਂ ਲਈ ਵਿੱਤ ਪ੍ਰਦਾਨ ਕਰਨਾ;
- 7,000 ਤੋਂ ਵੱਧ ਨਵੇਂ ਘਰ ਬਣਾਉਣ ਵਿੱਚ ਮਦਦ ਕਰਨ ਲਈ, ਕਿਫਾਇਤੀ ਹਾਊਸਿੰਗ ਫੰਡ ਲਈ $1 ਬਿਲੀਅਨ ਨਾਲ ਸਭ ਤੋਂ ਕਮਜ਼ੋਰ ਕੈਨੇਡੀਅਨਾਂ ਲਈ ਵਧੇਰੇ ਕਿਫਾਇਤੀ ਰਿਹਾਇਸ਼ਾਂ ਦਾ ਨਿਰਮਾਣ ਕਰਨਾ;
- ਕੈਨੇਡਾ ਦੇ ਅੰਦਰ ਲੇਬਰ ਦੇ ਮੂਵ ਹੋਣ ਲਈ ਰੁਕਾਵਟਾਂ ਨੂੰ ਤੋੜਨਾ, ਕੰਸਟਰਕਸ਼ਨ ਵਰਕਰ ਅਤੇ ਸਿਹਤ ਸੰਭਾਲ ਪੇਸ਼ੇਵਰਾਂ ਲਈ ਤਰਜੀਹ ਦੇ ਨਾਲ, ਅਤੇ ਪਰਮਾਨੈਂਟ ਰੇਜੀਡੇਂਨਸੀ ਲਈ ਹੁਨਰਮੰਦ ਟ੍ਰੇਡਵਰਕਰਾਂ ਨੂੰ ਤਰਜੀਹ ਦੇਣਾ;
- ਗੈਰ-ਅਨੁਕੂਲ ਥੋੜ੍ਹੇ-ਮਿਆਦ ਦੇ ਕਿਰਾਏ 'ਤੇ ਰੋਕ ਲਗਾਉਣਾ ਅਤੇ ਥੋੜ੍ਹੇ ਸਮੇਂ ਲਈ ਕਿਰਾਏ ਦੀਆਂ ਪਾਬੰਦੀਆਂ ਨੂੰ ਲਾਗੂ ਕਰਨ ਲਈ ਨਗਰਪਾਲਿਕਾ ਨੂੰ ਸਮਰਥਨ ਦੇਣਾ; ਅਤੇ,
- ਇੱਕ ਨਵਾਂ ਕੈਨੇਡੀਅਨ ਮੋਰਗੇਜ ਚਾਰਟਰ ਇਹ ਯਕੀਨੀ ਬਣਾਉਣ ਲਈ ਕਿ ਵਿੱਤੀ ਖਤਰੇ ਵਿੱਚ ਕਨੇਡੀਅਨ ਅਨੁਕੂਲਿਤ ਮੌਰਗੇਜ ਰਾਹਤ ਤੱਕ ਪਹੁੰਚ ਕਰ ਸਕਣ, ਜਿਸਦੀ ਉਹ ਆਪਣੇ ਬੈਂਕ ਤੋਂ ਉਮੀਦ ਕਰ ਸਕਣ ਤਾਂ ਜੋ ਉਹਨਾਂ ਨੂੰ ਪੇਅਮੈਂਟ ਕਰਨ ਅਤੇ ਆਪਣੇ ਘਰਾਂ ਵਿੱਚ ਰਹਿਣ ਵਿੱਚ ਮਦਦ ਕੀਤੀ ਜਾ ਸਕੇ।

## ਇੱਕ ਮਜ਼ਬੂਤ ਮਿਡਲ ਕਲਾਸ ਦੀ ਸਪੋਰਟ ਕਰਨਾ

- ਕਨੇਡਾ ਵਿੱਚ ਮੁਕਾਬਲੇ ਨੂੰ ਮਜ਼ਬੂਤ ਕਰਨਾ, ਜਿਸਦਾ ਮਤਲਬ ਹੈ ਘੱਟ ਕੀਮਤਾਂ ਅਤੇ ਵਧੇਰੇ ਚੋਣਾਂ, ਕਾਨੂੰਨ ਵਿੱਚ ਸੁਧਾਰ ਕਰਕੇ ਲਾਗਤਾਂ ਨੂੰ ਵਧਾਉਣ ਵਾਲੇ ਗਲਤ ਕੰਮਾਂ ਨੂੰ ਰੋਕਣਾ;
- ਇਹ ਯਕੀਨੀ ਬਣਾਉਣਾ ਕਿ ਕੈਨੇਡਾ ਦੀਆਂ ਪੰਜ ਸਭ ਤੋਂ ਵੱਡੀਆਂ ਗਰੋਸਰੀ ਦੀਆਂ ਚੇਨਾਂ ਕੀਮਤਾਂ ਨੂੰ ਸਥਿਰ ਕਰਨ ਦੀ ਵਚਨਬੱਧਤਾ ਨੂੰ ਕਾਇਮ ਰੱਖਣ, ਅਤੇ ਗਰੋਸਰੀ ਦੇ ਖੇਤਰ ਵਿੱਚ ਮੁਕਾਬਲਾ ਵਧਾਉਣਾ;
- ਕਨੇਡੀਅਨਾਂ ਲਈ ਮਾਨਸਿਕ ਸਿਹਤ ਦੇਖਭਾਲ ਨੂੰ ਹੋਰ ਕਿਫਾਇਤੀ ਬਣਾਉਣ ਲਈ ਮਨੋ-ਚਿਕਿਤਸਾ ਅਤੇ ਕਾਉਂਸਲਿੰਗ ਸੇਵਾਵਾਂ ਤੋਂ GST ਨੂੰ ਹਟਾਉਣਾ;
- ਜੰਕ ਫੀਸਾਂ 'ਤੇ ਕਾਰਵਾਈ ਕਰਨਾ ਜਾਰੀ ਰੱਖਣਾ, ਬੈਂਕਾਂ ਦੁਆਰਾ ਵਸੂਲੀ ਗਈ ਨਾਨ-ਸਫੀਸ਼ੇਨਟ ਫੰਡ (NSF) ਫੀਸ ਨੂੰ ਘਟਾਉਣਾ, ਅੰਤਰਰਾਸ਼ਟਰੀ ਮੋਬਾਈਲ ਰੋਮਿੰਗ ਦਰਾਂ ਦੀ ਜਾਂਚ-ਪੜਤਾਲ ਕਰਨਾ, ਅਤੇ ਇਹ ਯਕੀਨੀ ਬਣਾਉਣਾ ਕਿ ਏਅਰਲਾਈਨਾਂ 14 ਸਾਲ ਤੋਂ ਘੱਟ ਉਮਰ ਦੇ ਸਾਰੇ ਬੱਚਿਆਂ ਨੂੰ ਆਪਣੇ ਨਾਲ ਵਾਲੇ ਬਾਲਗ ਦੇ ਕੋਲ ਬੈਠਣ ਦਾ ਵਾਧੂ ਖਰਚਾ ਨਾ ਲੈਣ;
- ਨਿਰਮਾਤਾਵਾਂ ਨੂੰ ਮੁਕਾਬਲੇ-ਵਿਰੋਧੀ ਢੰਗ ਨਾਲ ਮੁਰੰਮਤ ਕਰਨ ਦੇ ਸਾਧਨ ਪ੍ਰਦਾਨ ਕਰਨ ਤੋਂ ਇਨਕਾਰ ਕਰਨ ਤੇ ਰੋਕ, ਕਨੇਡੀਅਨਾਂ ਦੇ ਆਪਣੇ ਡਿਵਾਈਸਾਂ ਅਤੇ ਉਤਪਾਦਾਂ ਦੀ ਮੁਰੰਮਤ ਕਰਨ ਦੇ ਅਧਿਕਾਰ ਦਾ ਸਮਰਥਨ ਕਰਨ ਲਈ ਕਾਨੂੰਨ ਵਿੱਚ ਸੋਧ;
- ਇੱਕ ਨਵਾਂ ਇੰਪਲਾਇਮੈਂਟ ਇੰਸ਼ੋਰੰਸ ਅਡੌਪਸ਼ਨ ਬੇਨੀਫਿਟ, ਜੋ ਮਾਪਿਆਂ ਨੂੰ 15 ਹਫ਼ਤਿਆਂ ਦੇ ਸਾਂਝੇ ਲਾਭ ਪ੍ਰਦਾਨ ਕਰੇਗਾ; ਅਤੇ,
- ਘੱਟ ਲਾਗਤ ਵਾਲੇ ਅਤੇ ਬਿਨਾਂ ਲਾਗਤ ਵਾਲੇ ਬੈਂਕਿੰਗ ਖਾਤਿਆਂ ਨੂੰ ਵਧਾਉਣਾ, ਆਧੁਨਿਕ ਬੈਂਕਿੰਗ ਦੀਆਂ ਅਸਲੀਅਤਾਂ ਨੂੰ ਦਰਸਾਉਣ ਲਈ। ਕਨੇਡੀਅਨਾਂ ਨੂੰ ਉਨ੍ਹਾਂ ਦੇ ਬੈਂਕਾਂ ਨਾਲ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਵਿੱਚ ਮਦਦ ਕਰਨ ਲਈ ਸੁਤੰਤਰ ਔਮਬਡਸਮੈਨ (ਲੋਕਪਾਲ) ਨੂੰ ਨਿਯੁਕਤ ਕਰਨਾ।